ਜਿਲ੍ਹਾ ਮਾਈਨਿੰਗ ਅਫਸਰ, ਲੁਧਿਆਣਾ ਵੱਲੋ ਪਿੰਡ ਰੋੜ ਦੀ 9,23,574 ਟਨ ਪ੍ਰਤੀ ਸਾਲ ਦੇ ਹਿਸਾਬ ਨਾਲ ਸਥਿਤ 53.47 ਹੈਕਟੇਅਰ ਦੇ ਖੇਤਰ ਵਿੱਚ ਅਤੇ ਪਿੰਡ ਸਸਰਾਲੀ ਦੀ 1,70,056 ਟਨ ਪ੍ਰਤੀ ਸਾਲ ਦੇ ਹਿਸਾਬ ਨਾਲ ਸਥਿਤ 11.99 ਹੈਕਟੇਅਰ ਦੇ ਖੇਤਰ ਵਿੱਚ ਰੇਤ ਮਾਈਨਿੰਗ ਕਰਨ ਲਈ ਲਗਾਈ ਅਰਜੀ ਸਬੰਧੀ ਈ.ਆਈ.ਏ ਨੋਟੀਫਿਕੇਸ਼ਨ ਮਿਤੀ 14.09.2006 ਤਹਿਤ ਵਾਤਾਵਰਣ ਪ੍ਰਵਾਨਗੀ ਪ੍ਰਾਪਤ ਕਰਨ ਲਈ ਮਿਤੀ 08.01.2024 ਨੂੰ ਹੋਈ ਜਨਤਕ ਸੁਣਵਾਈ ਦੀ ਕਾਰਵਾਈ।

ਕਾਰਵਾਈ ਦੀ ਨਿਗਰਾਨੀ ਕਰਨ ਲਈ ਹੇਠ ਲਿਖੇ ਵਿਅਕਤੀ ਮੌਜੂਦ ਸਨ:-

1. ਸ਼੍ਰੀ. ਰਜਨੀਸ਼ ਅਰੋੜਾ, ਪੀ.ਸੀ.ਐਸ
   ਉਪ ਮੰਡਲ ਮੈਜਿਸਟਰੇਟ,
   ਲੁਧਿਆਣਾ (ਪੂਰਬੀ)।
2. ਇੰਜੀ: ਭੀਸ਼ਮ,
   ਸਹਾਇਕ ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ,
   ਖੇਤਰੀ ਦਫ਼ਤਰ-3, ਲੁਧਿਆਣਾ।
3. ਇੰਜੀ: ਰਾਜਪਾਲ ਗਿੱਲ,
   ਸਹਾਇਕ ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ,
   ਖੇਤਰੀ ਦਫ਼ਤਰ-3, ਲੁਧਿਆਣਾ।
4. ਸ਼੍ਰੀ. ਰਾਜਵੀਰ ਸਿੰਘ,
   ਫੰਕਸ਼ਨਲ ਮੈਨੇਜਰ,
   ਜ਼ਿਲ੍ਹਾ ਉਦਯੋਗ ਕੇਂਦਰ, ਲੁਧਿਆਣਾ।

ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ—3, ਲੁਧਿਆਣਾ ਨੇ ਸੁਪਰਵਾਈਜ਼ਿੰਗ—ਕਮ—ਪ੍ਰੀਜ਼ਾਈਡਿੰਗ ਅਧਿਕਾਰੀ ਅਤੇ ਨਾਲ ਲੱਗਦੇ ਪਿੰਡਾਂ ਤੋ ਆਏ ਲੋਕਾ ਦਾ ਸਵਾਗਤ ਕੀਤਾ, ਜੋ ਕਿ ਇਸ ਪ੍ਰਾਜੈਕਟ ਦੀ ਜਨਤਕ ਸੁਣਵਾਈ ਵਿਚ ਸ਼ਾਮਲ ਹੋਣ ਲਈ ਆਏ ਸਨ। ਉਨ੍ਹਾਂ ਦੱਸਿਆ ਕਿ ਜਿਲ੍ਹਾ ਮਾਈਨਿੰਗ ਅਫਸਰ, ਲੁਧਿਆਣਾ ਦੁਆਰਾ ਪਿੰਡ ਰੋੜ ਅਤੇ ਸਸਰਾਲੀ, ਤਹਿਸੀਲ ਲੁਧਿਆਣਾ (ਪੂਰਬੀ), ਜ਼ਿਲ੍ਹਾ ਲੁਧਿਆਣਾ ਵਿਖੇ ਸਤਲੁਜ਼ ਦਰਿਆ ਵਿੱਚੋਂ ਰੇਤੇ ਦੀ ਨਿਕਾਸੀ ਲਈ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ, ਨਵੀਂ ਦਿੱਲੀ ਦੇ ਦਫ਼ਤਰ ਵਿੱਚ ਈ.ਆਈ.ਏ ਨੋਟੀਫਿਕੇਸ਼ਨ ਨੰ. 1533 (ਈ) ਮਿਤੀ 14.09.2006 ਤਹਿਤ ਵਾਤਾਵਰਣ ਪ੍ਰਵਾਨਗੀ ਲਈ ਬਿਨੈ ਪੱਤਰ ਦਾਇਰ ਕੀਤਾ ਹੈ।

ਇਸ ਤੋਂ ਬਾਅਦ ਉਨ੍ਹਾਂ ਜ਼ਿਲ੍ਹਾ ਮਾਈਨਿੰਗ ਅਫ਼ਸਰ, ਲੁਧਿਆਣਾ ਦੇ ਨੁਮਾਇੰਦੇ ਨੂੰ ਇਸ ਪ੍ਰਾਜੈਕਟ ਬਾਰੇ ਸੰਖੇਪ ਪੇਸ਼ਕਾਰੀ ਦੇਣ ਲਈ ਬੇਨਤੀ ਕੀਤੀ। ਚਰਨਜੀਤ ਸਿੰਘ, ਸਲਾਹਕਾਰ, ਮੈਸਰਜ਼ ਈਕੋ ਪਰਿਆਵਰਨ ਲੈਬਾਰਟਰੀਜ਼ ਕੰਸਲਟੈਂਟਸ ਪ੍ਰਾਈਵੇਟ ਲਿਮਟਿਡ ਨੇ ਪ੍ਰੋਜੈਕਟ ਪ੍ਰਸਤਾਵ ਦੇ ਵੇਰਵੇ

ਹੇਠ ਲਿਖੇ ਅਨੁਸਾਰ ਲੋਕਾਂ ਸਾਹਮਣੇ ਪੇਸ਼ ਕੀਤੇ:

- ਪਿੰਡ ਰੋੜ ਲਈ ਕੁੱਲ ਰਕਬਾ 5347 ਹੈਕਟੇਅਰ (ਹੈ) ਤੇ ਪ੍ਰਸਤਾਵਿਤ ਖਣਨਯੋਗ ਖੇਤਰ 48.40 ਹੈਕਟੇਅਰ (ਹੈ) ਅਤੇ ਪਿੰਡ ਸਸਰਾਲੀ ਲਈ ਕੁੱਲ ਰਕਬਾ 11.99 ਹੈਕਟੇਅਰ (ਹੈ) ਤੇ ਪ੍ਰਸਤਾਵਿਤ ਖਣਨਯੋਗ ਖੇਤਰ 9.11 ਹੈਕਟੇਅਰ (ਹੈ) ਹੈ।
- ਸਾਈਟ ਤੋਂ ਤਿੰਨ ਸਾਲਾਂ ਲਈ ਰੇਤ ਦੀ ਖੁਦਾਈ ਕੀਤੀ ਜਾਵੇਗੀ ਅਤੇ ਰੇਤ ਦੀ ਖੁਦਾਈ ਦੀ ਸਮਰੱਥਾ ਕ੍ਰਮਵਾਰ 9,23,574 ਟਨ ਪ੍ਰਤੀ ਸਾਲ ਅਤੇ 1,70,056 ਟਨ ਪ੍ਰਤੀ ਸਾਲ ਹੋਵੇਗੀ।
- ਈ.ਆਈ.ਏ. ਦੀ ਰਿਪੋਰਟ ਤਿਆਰ ਕਰਨ ਲਈ ਰੈਫ਼ਰੈਂਸ ਦੀਆਂ ਸ਼ਰਤਾਂ (ਟੀ.ਓ.ਆਰ.) SEIAA ਦੇ ਪੱਤਰ ਨੰਬਰ SEIAA/MS/2023/1806 ਮਿਤੀ 17 ਅਕਤੂਬਰ, 2023 ਦੁਆਰਾ ਪਿੰਡ ਰੋੜ ਨੂੰ ਜਾਰੀ ਕੀਤਾ ਗਿਆ ਸੀ ਅਤੇ ਪਿੰਡ ਸਸਰਾਲੀ ਦੀ ਈ.ਆਈ.ਏ. ਦੀ ਰਿਪੋਰਟ ਤਿਆਰ ਕਰਨ ਲਈ ਰੈਫ਼ਰੈਂਸ ਦੀਆਂ ਸ਼ਰਤਾਂ (ਟੀ.ਓ.ਆਰ.) SEIAA ਦੇ ਪੱਤਰ ਨੰਬਰ SEIAA/MS/2023/1533 ਮਿਤੀ 22 ਸਤੰਬਰ, 2023 ਦੁਆਰਾ ਜਾਰੀ ਕੀਤਾ ਗਿਆ ਸੀ। ਇਹ ਜਨਤਕ ਸੁਣਵਾਈ ਈ.ਆਈ.ਏ. ਨੋਟੀਫਿਕੇਸ਼ਨ, 2006 ਦੇ ਤਹਿਤ ਕੀਤੀ ਜਾ ਰਹੀ ਹੈ।
- ਕੋਈ ਜੰਗਲੀ ਜੀਵ ਸੈਨਚੂਰੀ, ਪੁਰਾਤੱਤਵ ਵਿਭਾਗ ਦੀ ਰੱਖ ਰਖਾਵ ਵਾਲਾ ਸਥਾਨ, ਰਾਖਵਾਂ/ਸੁਰੱਖਿਅਤ ਜੰਗਲ ਅਤੇ ਇਤਹਾਸਿਕ ਮਹੱਤਤਾ ਵਾਲੀ ਜਗ੍ਹਾ ਸਾਈਟ ਦੇ ਨੇੜੇ ਨਹੀ ਆਉਂਦੀ ਹੈ।
- ਮਾਈਨਿੰਗ ਲਈ ਮਸ਼ੀਨਰੀ ਦੀ ਵਰਤੋ ਕੀਤੀ ਜਾਵੇਗੀ ਅਤੇ ਮਾਈਨਿੰਗ ਲਈ ਪਿੰਡ ਰੋੜ ਵਿਖੇ 11 ਐਕਸੈਵੇਟਰਾਂ (0.9 ਮ$^3$ ਜਾਂ ਇਸ ਤੋਂ ਵੱਧ ਸਮਰੱਥਾ ਵਾਲੇ) ਦੀ ਵਰਤੋਂ ਕੀਤੀ ਜਾਵੇਗੀ ਅਤੇ ਪਿੰਡ ਸਸਰਾਲੀ ਵਿਖੇ 5 ਐਕਸੈਵੇਟਰਾਂ (0.9 ਮ$^3$ ਜਾਂ ਇਸ ਤੋਂ ਵੱਧ ਸਮਰੱਥਾ ਵਾਲੇ) ਦੀ ਵਰਤੋਂ ਕੀਤੀ ਜਾਵੇਗੀ। ਨੇੜੇ ਦੇ ਪਿੰਡਾਂ ਤੋਂ ਹੁਨਰਮੰਦ/ਅਰਧ-ਹੁਨਰਮੰਦ/ਅਣ-ਹੁਨਰਮੰਦ ਕਾਮੇ ਰੱਖੇ ਜਾਣਗੇ। ਮਾਈਨਿੰਗ ਸਿਰਫ ਦਿਨ ਵੇਲੇ ਹੀ ਕੀਤੀ ਜਾਵੇਗੀ।
- ਪਿੰਡ ਰੋੜ ਤੋ ਖਣਨ ਕੀਤੀ ਗਈ ਰੇਤ ਦੀ ਢੋਆ ਢੁਆਈ ਲਈ 10 ਟਨ ਸਮਰੱਥਾ ਦੇ 50 ਟਿਪਰਾ ਦੀ ਵਰਤੋ ਕੀਤੀ ਜਾਵੇਗੀ ਅਤੇ ਪਿੰਡ ਸਸਰਾਲੀ ਤੋ ਖਣਨ ਕੀਤੀ ਗਈ ਰੇਤ ਦੀ ਢੋਆ ਢੁਆਈ ਲਈ 10 ਟਨ ਸਮਰੱਥਾ ਦੇ 20 ਟਿਪਰਾ ਦੀ ਵਰਤੋ ਕੀਤੀ ਜਾਵੇਗੀ। ਆਵਾਜਾਈ ਵਾਲੇ ਰਸਤੇ ਉੱਪਰ ਪਾਣੀ ਦਾ ਛਿੜਕਾਅ ਟਰੈਕਟਰ ਦੁਆਰਾ ਕੀਤਾ ਜਾਵੇਗਾ।
- ਪਿੰਡ ਰੋੜ ਦੀ ਮਾਈਨਿੰਗ ਲਈ ਕੁੱਲ ਲਾਗਤ 21.0 ਕਰੋੜ ਹੈ ਅਤੇ ਪਿੰਡ ਸਸਰਾਲੀ ਦੀ ਮਾਈਨਿੰਗ ਲਈ ਕੁੱਲ ਲਾਗਤ 4.0 ਕਰੋੜ ਰੁਪਏ ਹੈ।
- ਪਿੰਡ ਰੂੜ ਲਈ ਕੁੱਲ ਜ਼ਮੀਨੀ ਪਾਣੀ ਦੀ ਖਪਤ 3.0 ਕਿਲੋ ਲੀਟਰ ਪ੍ਰਤੀ ਦਿਨ ਹੈ, ਜਿਸ ਵਿੱਚੋਂ 1.60 ਕਿਲੋ ਲੀਟਰ ਪ੍ਰਤੀ ਦਿਨ ਪਾਣੀ ਦੀ ਵਰਤੋਂ ਛਿੜਕਾਅ ਲਈ ਕੀਤੀ ਜਾਵੇਗੀ ਅਤੇ 1.40 ਕਿਲੋ ਲੀਟਰ ਪਾਣੀ ਪ੍ਰਤੀ ਦਿਨ ਸਾਈਟ ਉਪਰ ਘਰੇਲੂ ਲੋੜਾ ਲਈ ਵਰਤਿਆ ਜਾਵੇਗਾ ਅਤੇ ਪਿੰਡ ਸਸਰਾਲੀ ਲਈ ਕੁੱਲ ਜ਼ਮੀਨੀ ਪਾਣੀ ਦੀ ਖਪਤ 2.40 ਕਿਲੋ ਲੀਟਰ ਪ੍ਰਤੀ ਹੈ, ਜਿਸ ਵਿੱਚੋਂ 1.30 ਕਿਲੋ ਲੀਟਰ ਪਾਣੀ ਦੀ ਵਰਤੋ ਪ੍ਰਤੀ ਦਿਨ ਛਿੜਕਾਅ ਲਈ ਕੀਤੀ ਜਾਵੇਗੀ ਅਤੇ 1.10 ਕਿਲੋ ਲੀਟਰ ਪਾਣੀ ਪ੍ਰਤੀ ਦਿਨ ਸਾਈਟ ਉਪਰ ਘਰੇਲੂ ਲੋੜਾ ਲਈ ਵਰਤਿਆ ਜਾਵੇਗਾ ।

Rafbir Singh

- ਪ੍ਰੋਜੈਕਟ ਦੇ 10 ਕਿਲੋਮੀਟਰ ਖੇਤਰ ਦੇ ਅੰਦਰ ਅੱਠ ਸਥਾਨਾਂ ਤੇ ਹਵਾ ਦੀ ਗੁਣਵੱਤਾ ਦੀ ਚੈਕਿੰਗ ਕੀਤੀ ਗਈ ਹੈ ਜਿਸ ਮੁਤਾਬਿਕ ਪੀਐਮ$_{10}$, ਪੀਐਮ$_{2.5}$, ਸਲਫਰ ਡਾਈਆਕਸਾਈਡ, ਨਾਈਟਰੋਜਨ ਡਾਈਆਕਸਾਈਡ ਦੀ ਗੁਣਵੱਤਾ ਨਿਰਧਾਰਤ ਮਾਪਦੰਡਾ ਦੇ ਅੰਦਰ ਪਾਈ ਗਈ ਹੈ।
- ਖੇਤਰ ਦੇ ਜ਼ਮੀਨੀ ਪਾਣੀ ਦਾ ਅਧਿਐਨ ਕੀਤਾ ਗਿਆ ਹੈ ਅਤੇ ਇਸ ਅਧਿਐਨ ਦੇ ਅਨੁਸਾਰ, ਸਾਰੇ ਸਰੋਤਾਂ ਤੋਂ ਜ਼ਮੀਨੀ ਪਾਣੀ ਪੀਣ ਦੇ ਉਦੇਸ਼ਾਂ ਲਈ ਢੁਕਵਾਂ ਰਹਿੰਦਾ ਹੈ ਕਿਉਂਕਿ ਸਾਰੇ ਤੱਤ ਭਾਰਤੀ ਸਟੈਂਡਰਡ: 10500-2012 ਦੁਆਰਾ ਜਾਰੀ ਪੀਣ ਵਾਲੇ ਪਾਣੀ ਦੇ ਮਾਪਦੰਡਾਂ ਦੁਆਰਾ ਨਿਰਧਾਰਤ ਸੀਮਾਵਾਂ ਦੇ ਅੰਦਰ ਹਨ।

ਇਸ ਤੋਂ ਬਾਅਦ, ਸਹਾਇਕ ਵਾਤਾਵਰਣ ਇੰਜੀਨੀਅਰ ਵੱਲੋਂ ਜਨਤਕ ਸੁਣਵਾਈ ਵਾਲੀ ਥਾਂ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਈ.ਆਈ.ਏ. ਨੋਟੀਫਿਕੇਟ ਦੀ ਮਿਤੀ 14.09.2006 ਦੇ ਅਨੁਸਾਰ ਮੌਜੂਦ ਵਿਅਕਤੀ ਵਾਤਾਵਰਣ ਸਬੰਧੀ ਕੋਈ ਜਾਣਕਾਰੀ ਜਾਂ ਸਪਸ਼ਟੀਕਰਨ ਦੀ ਮੰਗ ਕਰ ਸਕਦੇ ਹਨ। ਉਥੇ ਮੌਜੂਦ ਵਿਅਕਤੀਆਂ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ ਕਿ ਉਨ੍ਹਾਂ ਦੁਆਰਾ ਮੰਗੀ ਗਈ ਜਾਣਕਾਰੀ ਜਾਂ ਸਪਸ਼ਟੀਕਰਨ ਅਤੇ ਪ੍ਰਾਜੈਕਟ ਪ੍ਰਸਤਾਵਕ ਵੱਲੋਂ ਦਿੱਤੇ ਗਏ ਜਵਾਬ ਸੁਣਵਾਈ ਦੀ ਕਾਰਵਾਈ ਵਿੱਚ ਦਰਜ ਕੀਤਾ ਜਾਵੇਗਾ, ਜਿਸ ਨੂੰ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਮੰਤਰਾਲੇ ਨੂੰ ਭੇਜਿਆ ਜਾਵੇਗਾ। ਸੁਣਵਾਈ ਵਿੱਚ ਮੌਜੂਦ ਵਿਅਕਤੀਆਂ ਨੂੰ ਬੇਨਤੀ ਕੀਤੀ ਕਿ ਉਹ ਇੱਕ—ਇੱਕ ਕਰਕੇ ਪ੍ਰੋਜੈਕਟ ਬਾਰੇ ਵਾਤਾਵਰਣ ਸਬੰਧੀ ਜਾਣਕਾਰੀ ਜਾਂ ਸਪਸ਼ਟੀਕਰਨ ਲੈਣ। ਉਨ੍ਹਾਂ ਇਹ ਵੀ ਦੱਸਿਆ ਕਿ ਬੋਰਡ ਕੋਲ ਅਜੇ ਤੱਕ ਪ੍ਰਾਜੈਕਟ ਬਾਰੇ ਕੋਈ ਜਾਣਕਾਰੀ / ਸਪਸ਼ਟੀਕਰਨ / ਟਿਪਣੀਆਂ / ਵਿਚਾਰ / ਸੁਝਾਅ / ਇਤਰਾਜ਼ ਜਨਤਾ ਪਾਸੋਂ ਪ੍ਰਾਪਤ ਨਹੀਂ ਹੋਏ ਹਨ।

ਸੁਣਵਾਈ ਦੇ ਸਥਾਨ 'ਤੇ ਮੌਜੂਦ ਵਿਅਕਤੀਆਂ ਦੁਆਰਾ ਮੰਗੀ ਗਈ ਜਾਣਕਾਰੀ/ਸਪਸ਼ਟੀਕਰਨ ਅਤੇ ਪ੍ਰੋਜੈਕਟ ਪ੍ਰਸਤਾਵਕ ਦੁਆਰਾ ਦਿੱਤੇ ਗਏ ਜਵਾਬ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

1. **ਸ਼੍ਰੀ ਅਵਤਾਰ ਸਿੰਘ ਵਾਸੀ ਪਿੰਡ ਰਾਹੋਂ, ਤਹਿਸੀਲ ਲੁਧਿਆਣਾ (ਪੂਰਬੀ), ਜ਼ਿਲ੍ਹਾ ਲੁਧਿਆਣਾ।**

   **ਸਵਾਲ:**

   ਉਨ੍ਹਾਂ ਜ਼ਮੀਨ ਮਾਲਕਾਂ ਨੂੰ ਮੁਆਵਜ਼ੇ/ਚਾਰਜ ਦੀ ਕਿੰਨੀ ਰਕਮ ਅਦਾ ਕੀਤੀ ਜਾਵੇਗੀ ਜਿਨ੍ਹਾਂ ਦੀ ਜ਼ਮੀਨ ਪ੍ਰਸਤਾਵਿਤ ਮਾਈਨਿੰਗ ਸਾਈਟ ਦੀ ਹੱਦਬੰਦੀ ਦੇ ਅਧੀਨ ਆਉਂਦੀ ਹੈ।

   **ਸ਼੍ਰੀ. ਰਜਨੀਸ਼ ਅਰੋੜਾ, ਐਸ.ਡੀ.ਐਮ, ਲੁਧਿਆਣਾ (ਪੂਰਬੀ) ਦੁਆਰਾ ਜਵਾਬ ਦਿੱਤਾ ਗਿਆ:**

   ਮਾਇਨਿੰਗ ਦੀ ਰਕਮ 2 ਰੁਪਏ ਪ੍ਰਤੀਘਣ ਫੁੱਟ ਰੇਤ, ਜ਼ਮੀਨ ਮਾਲਕਾਂ ਦੇ ਬੈਂਕ ਖਾਤੇ ਵਿੱਚ ਟਰਾਂਸਫਰ ਕੀਤੀ ਜਾਵੇਗੀ।

2. **ਸ਼੍ਰੀ. ਗੁਰਦਿਆਲ ਸਿੰਘ ਵਾਸੀ ਪਿੰਡ ਬੂਥਗੜ੍ਹ, ਤਹਿਸੀਲ ਲੁਧਿਆਣਾ (ਪੂਰਬੀ), ਜ਼ਿਲ੍ਹਾ ਲੁਧਿਆਣਾ।**

ਸਵਾਲ:

ਮਾਈਨਿੰਗ ਸਾਈਟ ਵਿੱਚੋ ਖੁਦਾਈ ਕਿੰਨੀ ਡੂੰਘਾਈ ਤੱਕ ਕੀਤੀ ਜਾ ਸਕਦੀ ਹੈ?

**ਸ਼੍ਰੀ. ਰਜਨੀਸ਼ ਅਰੋੜਾ, ਐਸ.ਡੀ.ਐਮ, ਲੁਧਿਆਣਾ (ਪੂਰਬੀ) ਦੁਆਰਾ ਜਵਾਬ ਦਿੱਤਾ ਗਿਆ:**

ਮਾਈਨਿੰਗ 2.99 ਮੀਟਰ ਦੀ ਡੂੰਘਾਈ ਤੱਕ ਕੀਤੀ ਜਾ ਸਕਦੀ ਹੈ।

3. **ਸ਼੍ਰੀ ਗੁਰਦਿਆਲ ਸਿੰਘ ਵਾਸੀ ਪਿੰਡ ਬੂਥਗੜ੍ਹ, ਤਹਿਸੀਲ ਲੁਧਿਆਣਾ (ਪੂਰਬੀ), ਜ਼ਿਲ੍ਹਾ ਲੁਧਿਆਣਾ।**

ਸਵਾਲ:

ਟਰੱਕ/ਟਿੱਪਰ ਡਰਾਈਵਰ ਬਿਨਾਂ ਡਰਾਈਵਿੰਗ ਲਾਇਸੈਂਸ ਦੇ ਵੀ ਪਿੰਡ ਵਿੱਚ ਰੇਤ ਨਾਲ ਭਰੇ ਟਰੱਕਾਂ ਨੂੰ ਤੇਜ਼ ਰਫ਼ਤਾਰ ਨਾਲ ਚਲਾਉਂਦੇ ਹਨ।

**ਸ਼੍ਰੀ. ਰਜਨੀਸ਼ ਅਰੋੜਾ, ਐਸ.ਡੀ.ਐਮ, ਲੁਧਿਆਣਾ (ਪੂਰਬੀ) ਦੁਆਰਾ ਜਵਾਬ ਦਿੱਤਾ ਗਿਆ:**

ਓਵਰ ਸਪੀਡ ਅਤੇ ਡਰਾਈਵਿੰਗ ਲਾਇਸੈਂਸ ਦੇ ਮੁੱਦੇ 'ਤੇ ਆਰਟੀਓ ਦੇ ਨਾਲ-ਨਾਲ ਟ੍ਰੈਫਿਕ ਪੁਲਿਸ ਦੇ ਧਿਆਨ ਦੇਣ ਹਿੱਤ ਹੈ।

4. **ਸ਼੍ਰੀ ਗੁਰਦਿਆਲ ਸਿੰਘ ਵਾਸੀ ਪਿੰਡ ਬੂਥਗੜ੍ਹ, ਤਹਿਸੀਲ ਲੁਧਿਆਣਾ (ਪੂਰਬੀ), ਜ਼ਿਲ੍ਹਾ ਲੁਧਿਆਣਾ।**

ਸਵਾਲ:

ਇਸ ਤੋਂ ਪਹਿਲਾਂ ਬਹੁਤ ਜ਼ਿਆਦਾ ਡੂੰਘਾਈ ਤੱਕ ਮਾਈਨਿੰਗ ਤੋਂ ਬਾਅਦ ਬਣੀਆਂ ਡੂੰਘੀਆਂ ਖਾਈਆਂ/ਟੋਇਆਂ ਕਾਰਨ ਸਥਾਨਕ ਨਿਵਾਸੀਆਂ ਦੀਆਂ ਕਈ ਮੌਤਾਂ ਵੀ ਹੋ ਚੁੱਕੀਆਂ ਹਨ।

**ਸ਼੍ਰੀ. ਰਜਨੀਸ਼ ਅਰੋੜਾ, ਐਸ.ਡੀ.ਐਮ, ਲੁਧਿਆਣਾ (ਪੂਰਬੀ) ਦੁਆਰਾ ਜਵਾਬ ਦਿੱਤਾ ਗਿਆ:**

2.99 ਮੀਟਰ ਦੀ ਡੂੰਘਾਈ ਤੋਂ ਹੇਠਾਂ ਮਾਈਨਿੰਗ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਵਿਸ਼ਾਲ ਖੇਤਰ ਲਗਭਗ 53 ਹੈਕਟੇਅਰ ਵਿੱਚ ਮਾਈਨਿੰਗ ਦੁਆਰਾ ਕੋਈ ਟੋਆ ਨਹੀਂ ਬਣਾਇਆ ਜਾਵੇਗਾ।

5. **ਸ਼੍ਰੀ ਗੁਰਮੇਲ ਸਿੰਘ ਵਾਸੀ ਪਿੰਡ ਸਸਰਾਲੀ, ਤਹਿਸੀਲ ਲੁਧਿਆਣਾ (ਪੂਰਬੀ), ਜ਼ਿਲ੍ਹਾ ਲੁਧਿਆਣਾ।**

ਸਵਾਲ:

ਟਰੱਕ ਚਾਲਕਾਂ ਨੂੰ ਸਬੰਧਤ ਪਿੰਡ ਦੀ ਸੜਕ ਦੀ ਵਰਤੋਂ ਕਰਨ ਲਈ ਕਿਹਾ ਜਾਵੇ ਜਿੱਥੋਂ ਮਾਈਨਿੰਗ ਕੀਤੀ ਜਾਣੀ ਹੈ, ਕਿਸੇ ਵੀ ਵੱਖਰੇ ਪਿੰਡ ਦੇ ਟਰੱਕ ਨੂੰ ਦੂਜੇ ਪਿੰਡ ਦੀਆਂ ਸੜਕਾਂ ਤੋਂ ਲੰਘਣ ਨਹੀਂ ਦਿੱਤਾ ਜਾਵੇਗਾ।

ਸ਼੍ਰੀ. ਰਜਨੀਸ਼ ਅਰੋੜਾ, ਐਸ.ਡੀ.ਐਮ, ਲੁਧਿਆਣਾ (ਪੂਰਬੀ) ਦੁਆਰਾ ਜਵਾਬ ਦਿੱਤਾ ਗਿਆ:

ਟਰੱਕਾਂ ਦੇ ਰੂਟ ਸਬੰਧੀ ਮਸਲਾ ਆਰਟੀਓ ਦੇ ਨਾਲ-ਨਾਲ ਟਰੈਫਿਕ ਪੁਲਿਸ ਨਾਲ ਸਬੰਧਤ ਹੈ।

6. ਸ਼੍ਰੀ ਗੁਰਮੇਲ ਸਿੰਘ ਵਾਸੀ ਪਿੰਡ ਸਸਰਾਲੀ, ਤਹਿਸੀਲ ਲੁਧਿਆਣਾ (ਪੂਰਬੀ), ਜ਼ਿਲ੍ਹਾ ਲੁਧਿਆਣਾ।

ਸਵਾਲ:

ਨਦੀ ਦੇ ਕਿਨਾਰੇ ਤੋਂ ਕਿੰਨੀ ਦੂਰੀ ਤੱਕ ਮਾਈਨਿੰਗ ਦੀ ਇਜਾਜ਼ਤ ਹੈ?

ਸ਼੍ਰੀ. ਰਜਨੀਸ਼ ਅਰੋੜਾ, ਐਸ.ਡੀ.ਐਮ, ਲੁਧਿਆਣਾ (ਪੂਰਬੀ) ਦੁਆਰਾ ਜਵਾਬ ਦਿੱਤਾ ਗਿਆ:

ਮਾਈਨਿੰਗ ਦਰਿਆ ਦੇ ਕੰਢੇ ਤੋਂ 100 ਮੀਟਰ ਦੀ ਦੂਰੀ ਤੋਂ ਹੀ ਕੀਤੀ ਜਾ ਸਕਦੀ ਹੈ।

7. ਸ਼੍ਰੀ ਗੁਰਮੇਲ ਸਿੰਘ ਵਾਸੀ ਪਿੰਡ ਸਸਰਾਲੀ, ਤਹਿਸੀਲ ਲੁਧਿਆਣਾ (ਪੂਰਬੀ), ਜ਼ਿਲ੍ਹਾ ਲੁਧਿਆਣਾ।

ਸਵਾਲ:

ਰੇਤ ਨਾਲ ਭਰੀਆਂ ਟਰਾਲੀਆਂ ਅਤੇ ਟਰੱਕਾਂ ਨੂੰ ਪਿੰਡ ਦੇ ਗੁਰਦੁਆਰੇ ਦੇ ਖਜਾਨੇ ਵਿੱਚ 500 ਰੁਪਏ ਪ੍ਰਤੀ ਵਾਹਨ ਦਾਨ ਜਮ੍ਹਾ ਕਰਵਾਉਣ ਤੋਂ ਬਾਅਦ ਪਿੰਡ ਸਸਰਾਲੀ ਤੋਂ ਲੰਘਣ ਦਿੱਤਾ ਜਾਵੇਗਾ।

ਸ਼੍ਰੀ. ਰਜਨੀਸ਼ ਅਰੋੜਾ, ਐਸ.ਡੀ.ਐਮ, ਲੁਧਿਆਣਾ (ਪੂਰਬੀ) ਦੁਆਰਾ ਜਵਾਬ ਦਿੱਤਾ ਗਿਆ:

ਗੁਰਦੁਆਰੇ ਨੂੰ ਦਾਨ ਦੇਣਾ ਵਿਅਕਤੀ ਦੀ ਆਪਣੀ ਮਰਜ਼ੀ ਹੈ, ਕਿਸੇ ਨੂੰ ਦਾਨ ਦੇਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ।

8. ਸ਼੍ਰੀ ਜਗਤਾਰ ਸਿੰਘ ਵਾਸੀ ਪਿੰਡ ਸਸਰਾਲੀ, ਤਹਿਸੀਲ ਲੁਧਿਆਣਾ (ਪੂਰਬੀ), ਜ਼ਿਲ੍ਹਾ ਲੁਧਿਆਣਾ।

ਸਵਾਲ:

ਮੈਂ ਆਪਣੀ ਆਮਦਨ ਦਾ 10% ਆਪਣੀ ਮਰਜ਼ੀ ਨਾਲ ਗੁਰਦੁਆਰੇ ਵਿੱਚ ਦਾਨ ਕਰਦਾ ਹਾਂ। ਪਰ ਦਾਨ ਲਈ ਕਿਸੇ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ।

ਜਵਾਬ:

ਸਵਾਲ ਦੇ ਰੂਪ ਵਿੱਚ ਕੋਈ ਜਵਾਬ ਸੁਝਾਅ ਦੇ ਰੂਪ ਵਿੱਚ ਨਹੀਂ ਦਿੱਤਾ ਗਿਆ ਸੀ।

ਸਹਾਇਕ ਵਾਤਾਵਰਣ ਇੰਜੀਨੀਅਰ, ਪੀਪੀਸੀਬੀ ਨੇ ਸੁਣਵਾਈ ਵਾਲੇ ਸਥਾਨ ਤੇ ਮੋਜੂਦ ਵਿਅਕਤੀਆਂ ਨੂੰ ਬੇਨਤੀ ਕੀਤੀ ਕਿ ਕੋਈ ਹੋਰ ਵਿਅਕਤੀ ਪ੍ਰਸਤਾਵਿਤ ਪ੍ਰੋਜੈਕਟ ਬਾਰੇ ਕੋਈ ਜਾਣਕਾਰੀ/ ਸਪਸ਼ਟੀਕਰਨ ਲੈਣਾ ਚਾਹੁੰਦਾ ਹੈ ਤਾਂ ਅੱਗੇ ਆ ਕੇ ਪੁੱਛ ਸਕਦਾ ਹੈ, ਪਰ ਕੋਈ ਵਿਅਕਤੀ ਅੱਗੇ ਨਹੀ ਆਇਆ। ਉਸ ਤੋ ਬਾਅਦ ਜਨਤਕ ਸੁਣਵਾਈ ਵਿੱਚ ਮੋਜੂਦ ਲੋਕਾਂ ਨੂੰ ਆਪਣੇ ਹੱਥ ਖੜੇ ਕਰਨ ਲਈ ਕਿਹਾ ਗਿਆ ਜੋ ਕਿ ਇਸ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਵਿੱਚ ਹਨ। 45 ਵਿਅਕਤੀਆਂ (ਕੁੱਲ ਮੋਜੂਦ ਲੋਕਾਂ ਦਾ 88 ਪ੍ਰਤੀਸ਼ਤ) ਵੱਲੋ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਵਿੱਚ ਆਪਣੇ ਹੱਥ ਖੜੇ ਕੀਤੇ ਗਏ। ਇਸ ਜਨਤਕ ਸੁਣਵਾਈ ਵਿੱਚ 51 ਵਿਅਕਤੀਆਂ ਵੱਲੋ ਭਾਗ ਲਿਆ ਗਿਆ।

ਉਸ ਤੋ ਬਾਅਦ ਸੁਪਰਵਾਈਜ਼ਰ–ਕਮ–ਪ੍ਰਜਾਈਡਿੰਗ ਅਫਸਰ ਵੱਲੋ ਮੌਕੇ ਤੇ ਮੌਜੂਦ ਲੋਕਾਂ ਨੂੰ ਦੱਸਿਆ ਗਿਆ ਕਿ ਇਸ ਲੋਕ ਸੁਣਵਾਈ ਦੀ ਸਾਰੀ ਕਾਰਵਾਈ ਦੀ ਵੀਡੀਉ /ਆਡੀਉ ਰਿਕਾਡਿੰਗ ਕੀਤੀ ਗਈ ਹੈ।

ਜਨਤਕ ਸੁਣਵਾਈ ਸੁਪਰਵਾਈਜ਼ਰ–ਕਮ–ਪ੍ਰਜਾਈਡਿੰਗ ਅਫਸਰ ਅਤੇ ਹਾਜਰ ਵਿਅਕਤੀਆਂ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ।

| (ਰਾਜਵੀਰ ਸਿੰਘ) | (ਭੀਸ਼ਮ) | (ਰਾਜਪਾਲ ਗਿੱਲ) | (ਸ੍ਰੀ, ਰਜਨੀਸ਼ ਅਰੋੜਾ, ਪੀ ਸੀ ਐਸ) |
|---|---|---|---|
| ਫੰਕਸ਼ਨਲ ਮੈਨੇਜਰ, ਜ਼ਿਲ੍ਹਾ ਉਦਯੋਗਿਕ ਸੈਂਟਰ, ਲੁਧਿਆਣਾ। | ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ –3, ਲੁਧਿਆਣਾ। | ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ –3, ਲੁਧਿਆਣਾ। | ਉਪ-ਮੰਡਲ ਮਜਿਸਟ੍ਰੇਟ, ਲੁਧਿਆਣਾ (ਪੂਰਬੀ) |